ਸਪਰਿੰਗ 2022

# ਇਮਪਲੌਏਅਰਜ਼ ਅਡਵਾਈਜ਼ਰ

BRITISH COLUMBIA | Employers' Advisers Office

*ਇਮਪਲੌਏਅਰਜ਼ ਅਡਵਾਈਜ਼ਰ ਆਫਿਸ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਨਿਊਜ਼ਲੈਟਰ। ਇਮਪਲੌਏਅਰਜ਼ ਅਡਵਾਈਜ਼ਰ ਆਫਿਸ ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ ਬਾਰੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

WORKSAFE BC

## ਸੇਫਟੀ ਲਈ ਟੋਪ ਵਿਚ ਤਬਦੀਲੀਆਂ

### ਓ ਐੱਚ ਐੱਸ ਰੈਗੂਲੇਸ਼ਨ 8.11 ਅਤੇ ਇਸ ਨਾਲ ਸੰਬੰਧਿਤ ਗਾਈਡਲਾਈਨਾਂ




ਕੰਮਾਂ ਦੀਆਂ ਥਾਂਵਾਂ 'ਤੇ ਖਤਰਿਆਂ ਦੀ ਪਛਾਣ ਕਰਨਾ ਅਤੇ ਇਸ ਦੇ ਨਾਲ ਨਾਲ ਖਤਰਿਆਂ ਦੀ ਅਸੈੱਸਮੈਂਟ ਕਰਨਾ ਅਤੇ ਇਨ੍ਹਾਂ ਨੂੰ ਕੰਟਰੋਲ ਕਰਨਾ ਹਰ ਕੰਮ-ਮਾਲਕ (ਇਮਪਲੌਏਅਰ) ਦੀ ਜ਼ਿੰਮੇਵਾਰੀ ਹੈ।

1 ਸਤੰਬਰ, 2021 ਤੋਂ ਵਰਕਸੇਫ ਬੀ ਸੀ ਨੇ ਸੇਫਟੀ ਲਈ ਟੋਪ ਦੀ ਵਰਤੋਂ ਬਾਰੇ ਆਪਣੀ ਰੈਗੂਲੇਸ਼ਨ ਅਤੇ ਗਾਈਡਲਾਈਨਾਂ ਨੂੰ ਅਪਡੇਟ ਕੀਤਾ ਹੈ। ਵਰਕਸੇਫ ਬੀ ਸੀ ਨੇ ਇਹ ਨੋਟ ਕੀਤਾ ਕਿ ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ) ਜਿਵੇਂ ਕਿ ਸੇਫਟੀ ਟੋਪ ਅਕਸਰ ਕਿਸੇ ਗੰਭੀਰ ਖਤਰੇ ਤੋਂ ਰੱਖਿਆ ਲਈ ਇਕੱਲੀ ਪਹਿਲੀ ਲਾਈਨ ਵਜੋਂ ਵਰਤਿਆ ਜਾਂਦਾ ਸੀ।

ਅਪਡੇਟ ਕੀਤੀ ਗਈ ਰੈਗੂਲੇਸ਼ਨ ਕੰਮ-ਮਾਲਕਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਕੰਟਰੋਲਾਂ ਦੀ ਲੜੀ ਦੀ ਪਾਲਣਾ ਕਰਨ ਅਤੇ ਇਹ ਪੱਕਾ ਕਰਨ ਕਿ ਸੇਫਟੀ ਟੋਪ 'ਤੇ ਨਿਰਭਰ ਕਰਨ ਤੋਂ ਪਹਿਲਾਂ ਖਤਰੇ ਦੇ ਖਾਤਮੇ, ਇੰਜਨੀਅਰਿੰਗ ਕੰਟਰੋਲਾਂ, ਅਤੇ ਪ੍ਰਬੰਧਕੀ ਕੰਟਰੋਲਾਂ ਵਰਗੇ ਕਦਮ ਉਠਾਏ ਗਏ ਹਨ।

ਕੰਮ-ਮਾਲਕਾਂ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਉਨ੍ਹਾਂ ਨੇ ਵਰਕਰਾਂ ਦੇ ਸੱਟ ਲੱਗਣ ਦੇ ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਲਈ, ਰੱਖਿਆ ਦੀ ਪਹਿਲੀ ਲਾਈਨ ਵਜੋਂ ਸਿਰਫ ਸੇਫਟੀ ਟੋਪ ਉੱਪਰ ਨਿਰਭਰ ਕਰਨ ਦੀ ਬਜਾਏ ਕੰਟਰੋਲਾਂ ਦੀ ਲੜੀ ਮੁਤਾਬਕ ਖਤਰਿਆਂ ਦੀ ਪਛਾਣ ਕੀਤੀ ਹੈ, ਖਤਰਿਆਂ ਦੀ ਅਸੈੱਸਮੈਂਟ ਕੀਤੀ ਹੈ ਅਤੇ ਸਭ ਤੋਂ ਜ਼ਿਆਦਾ ਅਸਰਦਾਰ ਕੰਟਰੋਲ ਲਾਗੂ ਕੀਤਾ ਹੈ।

## ਵੈਬੀਨਾਰਜ਼ ਅਪਰੈਲ, ਮਈ, ਅਤੇ ਜੂਨ

ਸਪਰਿੰਗ 2022 ਨਵੇਂ ਜੌਆਇੰਟ ਕਮੇਟੀ ਮੈਂਬਰ ਅਤੇ ਡਿਊ ਡਿਲੀਜੈਂਸ ਵੈੱਬੀਨਾਰ ਹੁਣ ਔਨਲਾਈਨ ਰਜਿਸਟਰੇਸ਼ਨ ਲਈ ਉਪਲਬਧ ਹਨ। ਨਵੀਂ ਜੌਆਇੰਟ ਕਮੇਟੀ ਮੈਂਬਰਜ਼ ਲਈ ਲੜੀ ਦੇ ਫੀਚਰ ਹਨ: ਨੰਬਰ 1 ਕਾਰਵਾਈਆਂ ਅਤੇ ਮੀਟਿੰਗਾਂ ਦੇ ਨਿਯਮ; ਨੰਬਰ 2 ਨਾਂਹ ਕਰਨ, ਸਲਾਹ-ਮਸ਼ਵਰੇ ਅਤੇ ਸਿਫਾਰਸ਼ਾਂ ਕਰਨ ਦਾ ਹੱਕ; ਨੰਬਰ 3 ਇੰਸਪੈਕਸ਼ਨਾਂ ਅਤੇ ਪੜਤਾਲਾਂ; ਅਤੇ ਨੰਬਰ 4 ਕਮੇਟੀ ਇਵੈਲੂਏਸ਼ਨਜ਼ ਅਤੇ ਟਰੇਨਿੰਗ ਦੀਆਂ ਲੋੜਾਂ ਦੀ ਅਸੈੱਸਮੈਂਟ ਕਰਨਾ। ਡਿਊ ਡਿਲੀਜੈਂਸ ਲੜੀ ਦੇ ਫੀਚਰ ਹਨ: ਨੰਬਰ 1 ਬੁਨਿਆਦੀ ਗੱਲਾਂ ਅਤੇ ਨੰਬਰ 2 ਲਾਗੂ ਕਰਨਾ।

## ਸਵਾਲ ਹਨ? ਅਸੀਂ ਜਵਾਬ ਦੇਣ ਲਈ ਹਾਜ਼ਰ ਹਾਂ!

ਇਮਪਲੌਏਅਰਜ਼ ਅਡਵਾਈਜ਼ਰਜ਼ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ, ਸੋਮਵਾਰ ਤੋਂ ਸ਼ੁਕਰਵਾਰ ਤੱਕ ਜਾਣਕਾਰੀ ਅਤੇ ਸਲਾਹ ਦੇਣ ਲਈ ਅਤੇ ਉਨ੍ਹਾਂ ਕੋਈ ਵੀ ਸਵਾਲਾਂ ਦੇ ਜਵਾਬ ਦੇਣ ਲਈ ਉਪਲਬਧ ਹਨ ਜਿਹੜੇ ਤੁਹਾਡੇ ਵਰਕਸੇਫ ਬੀ ਸੀ ਨਾਲ ਸੰਬੰਧਿਤ ਕਲੇਮਾਂ, ਰੋਕਥਾਮ ਅਤੇ ਅਸੈੱਸਮੈਂਟਾਂ ਨਾਲ ਸੰਬੰਧਿਤ ਹੋ ਸਕਦੇ ਹਨ। ਅਸੀਂ ਬਿਨਾਂ ਕਿਸੇ ਖਰਚੇ ਦੇ ਉੱਥੇ ਨੁਮਾਇੰਦਗੀ ਵੀ ਕਰਦੇ ਹਾਂ ਜਿੱਥੇ ਰਿਵੀਊਜ਼, ਅਪੀਲਾਂ, ਅਤੇ ਮੀਡੀਏਸ਼ਨਜ਼ ਸਮੇਤ ਮਨਾਹੀ ਵਾਲੇ ਐਕਸ਼ਨਾਂ ਬਾਰੇ ਅਦਾਲਤੀ ਹੁਕਮਾਂ 'ਤੇ ਮੈਰਿਟ ਹੁੰਦੀ ਹੈ। ਸਾਨੂੰ 1-800-925-2233 'ਤੇ ਫੋਨ ਕਰੋ ਜਾਂ eao@eao-bc.org 'ਤੇ ਈਮੇਲ ਭੇਜੋ।




ਵਰਕਸੇਫ ਬੀ ਸੀ ਨੇ ਸੇਫਟੀ ਲਈ ਟੋਪ ਵਿਚ ਤਬਦੀਲੀਆਂ ਬਾਰੇ ਵਸੀਲੇ ਪ੍ਰਦਾਨ ਕੀਤੇ ਹਨ ਜਿਨ੍ਹਾਂ ਵਿਚ ਖਤਰਿਆਂ ਨੂੰ ਕੰਟਰੋਲ ਕਰਨਾ, ਖਤਰਿਆਂ ਦੀ ਅਸੈੱਸਮੈਂਟ ਕਰਨਾ, ਗਾਈਡਲਾਈਨਾਂ– ਹਿੱਸਾ 8 – ਸੇਫਟੀ ਲਈ ਟੋਪ ਅਤੇ ਰੈਗੂਲੇਸ਼ਨ ਦਾ ਹਿੱਸਾ 20 ਸ਼ਾਮਲ ਹਨ। ਇਹ ਨੋਟ ਕਰੋ ਕਿ ਰੈਗੂਲੇਸ਼ਨ 20.9 ਵਰਕਰਾਂ ਦੀ ਡਿਗਣ ਵਾਲੀ ਸਾਮੱਗਰੀ ਤੋਂ ਰੱਖਿਆ ਕਰਨ ਲਈ ਇੰਜਨੀਅਰਿੰਗ ਕੰਟਰੋਲਾਂ ਬਾਰੇ ਗੱਲ ਕਰਦੀ ਹੈ।

ਹੋਰ ਜਾਣਕਾਰੀ ਲਈ, ਇਨ੍ਹਾਂ ਵਸੀਲਿਆਂ ਬਾਰੇ ਕਿਸੇ ਅਡਵਾਈਜ਼ਰ ਨਾਲ ਗੱਲ ਕਰਨ ਲਈ ਈ ਏ ਓ ਨੂੰ 1-800-925-2233 'ਤੇ ਫੋਨ ਕਰੋ।

# ਵਰਕਸੇਫ ਬੀ ਸੀ ਪ੍ਰੀਵੈਨਸ਼ਨ ਮੈਨੂਅਲ ਅਪਡੇਟਸ

ਵਰਕਸੇਫ ਬੀ ਸੀ ਨੇ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਅਤੇ ਪ੍ਰੀਵੈਨਸ਼ਨ ਮੈਨੂਅਲ ਨੂੰ ਅਪਡੇਟ ਕੀਤਾ ਹੈ। ਕੰਮ-ਮਾਲਕਾਂ ਨੂੰ ਇਹ ਪੱਕਾ ਕਰਨ ਲਈ ਰੈਗੂਲੇਸ਼ਨ ਅਤੇ ਪ੍ਰੀਵੈਨਸ਼ਨ ਮੈਨੂਅਲ ਨੂੰ ਦੇਖਣਾ ਚਾਹੀਦਾ ਹੈ ਕਿ ਸੁਰੱਖਿਅਤ ਕੰਮ ਦੀਆਂ ਤਾਜ਼ਾ ਪਾਲਸੀਆਂ, ਅਮਲਾਂ ਅਤੇ ਤਰੀਕਿਆਂ ਦੀ ਪਾਲਣਾ ਕੀਤੀ ਜਾ ਰਹੀ ਹੈ। ਇਸ ਦੇ ਸੰਬੰਧ ਵਿਚ ਮਦਦ ਕਰਨ ਲਈ, ਵਰਕਸੇਫ ਬੀ ਸੀ ਨੇ ਸੱਤ ਜਾਣਕਾਰੀ ਦੇਣ ਵਾਲੇ ਪ੍ਰਾਈਮਰ (ਕਾਇਦੇ) ਤਿਆਰ ਕੀਤੇ ਹਨ ਜਿਹੜੇ ਤਬਦੀਲੀਆਂ ਬਾਰੇ ਅਤੇ ਇਹ ਦੱਸਦੇ ਹਨ ਕਿ ਕੀ ਨਵਾਂ ਹੈ। ਉਨ੍ਹਾਂ ਦੇ ਲਿੰਕ ਹੇਠਾਂ ਦਿੱਤੇ ਗਏ ਹਨ:

- Arborists and arboriculture
- Blasting operations
- Certification of concrete pump operators
- Combustible and flammable liquids
- Logging truck load securement
- Radiation dose limits for the lens of the eye
- Traffic control

## ਵਰਕਸੇਫ ਬੀ ਸੀ ਦੀ ਮੈਡੀਕਲ ਅਡਵਾਈਜ਼ਰ ਇਨਫੋ ਲਾਈਨ

ਕੰਮ-ਮਾਲਕ ਹੁਣ ਵਰਕਸੇਫ ਬੀ ਸੀ ਵਿਖੇ ਮੈਡੀਕਲ ਅਡਵਾਈਜ਼ਰ ਨਾਲ ਜੁੜਨ ਦਾ ਪ੍ਰਬੰਧ ਕਰ ਸਕਦੇ ਹਨ।

ਮੈਡੀਕਲ ਅਡਵਾਈਜ਼ਰ, ਆਮ ਮੈਡੀਕਲ ਅਤੇ ਕਲੀਨਿਕਲ ਮਾਮਲਿਆਂ ਬਾਰੇ ਕੰਮ-ਮਾਲਕਾਂ ਦੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਮੈਡੀਕਲ ਅਡਵਾਈਜ਼ਰ ਕਲੇਮਾਂ ਬਾਰੇ ਫੈਸਲੇ ਨਹੀਂ ਕਰਦੇ ਅਤੇ ਉਹ ਅਦਾਲਤੀ ਹੁਕਮਾਂ ਜਾਂ ਅਪੀਲਾਂ ਬਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ।

ਗੱਲਬਾਤ ਕਰਨ ਦਾ ਪ੍ਰਬੰਧ ਕਰਨ ਲਈ ਕੰਮ-ਮਾਲਕ 1-855-476-3049 ’ਤੇ ਫੋਨ ਕਰ ਸਕਦੇ ਹਨ।

## ਬੀ ਸੀ ਸੂਬੇ ਨੇ ਹੁਣੇ ਹੁਣੇ ਬਿਲ 5 – 2022: ਵਰਕਰਜ਼ ਕੰਪਨਸੇਸ਼ਨ ਅਮੈਂਡਮੈਂਟ ਐਕਟ, 2022 ਪਾਸ ਕੀਤਾ ਹੈ, ਜੋ ਕਿ ਵਰਕਰਾਂ ਨੂੰ ਐਸਬੈਸਟਸ ਤੋਂ ਸੁਰੱਖਿਅਤ ਰੱਖਣ ਵਿਚ ਮਦਦ ਲਈ ਨਵੀਂਆਂ ਹਿਫਾਜ਼ਤਾਂ ਪ੍ਰਦਾਨ ਕਰਦਾ ਹੈ।

ਕੋਈ ਵੀ ਉਹ ਵਿਅਕਤੀ ਜਿਹੜਾ ਬੀ.ਸੀ. ਵਿਚ ਪੁਰਾਣੀਆਂ ਬਿਲਡਿੰਗਾਂ ਰਿਪੇਅਰ ਕਰਦਾ ਹੈ, ਰੈਨੋਵੇਟ ਕਰਦਾ ਹੈ, ਜਾਂ ਢਾਹੁੰਦਾ ਹੈ, ਉਸ ਨੂੰ ਸਾਹ ਰਾਹੀਂ ਐਸਬੈਸਟਸ ਦੇ ਫਾਇਬਰਜ਼ ਅੰਦਰ ਲਿਜਾਣ ਦਾ ਖਤਰਾ ਹੈ। ਇਨ੍ਹਾਂ ਫਾਇਬਰਜ਼ ਨੂੰ ਜੇ ਹਿਲਾਇਆ ਜਾਵੇ ਤਾਂ ਇਹ ਘੰਟਿਆਂ ਬੱਧੀ ਹਵਾ ਵਿਚ ਲਟਕਦੇ ਰਹਿ ਸਕਦੇ ਹਨ। ਐਸਬੈਸਟਸ ਦੇ ਫਾਇਬਰ ਸਾਹ ਰਾਹੀਂ ਅੰਦਰ ਜਾਣ ਨਾਲ ਤੁਹਾਡੇ ਫੇਫੜੇ ਖਰਾਬ ਹੋ ਸਕਦੇ ਹਨ, ਜਿਸ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਜਿਵੇਂ ਕਿ ਐਸਬੈਸਟੋਸਿਸ, ਫੇਫੜੇ ਦੀ ਕੈਂਸਰ (ਮੇਸੋਥੇਲੀਓਮਾ) ਜਾਂ ਪਲੂਰਲ ਥਿਕਨਿੰਗ। ਇਹ ਹਾਲਤਾਂ ਰੋਕਣਯੋਗ ਹਨ ਪਰ ਹੋ ਜਾਣ ’ਤੇ ਠੀਕ ਨਹੀਂ ਕੀਤੀਆਂ ਜਾ ਸਕਦੀਆਂ। ਵਰਕਸੇਫ ਬੀ ਸੀ ਨੇ ਫੈਸਲੇ ਕਰਕੇ ਸਾਲ 2011-2020 ਦੇ ਵਿਚਕਾਰ ਕੰਮ ਦੀਆਂ ਥਾਂਵਾਂ ’ਤੇ ਐਸਬੈਸਟਸ ਦੇ ਮਾਰੂ ਸੰਪਰਕ ਵਿਚ ਆਉਣ ਦੇ 608 ਕਲੇਮਾਂ ਨੂੰ ਆਗਿਆ ਦਿੱਤੀ ਹੈ।

ਵਰਕਸੇਫ ਬੀ ਸੀ ਬਿਲ 5 ਨਾਲ ਹੋਣ ਵਾਲੀਆਂ ਤਬਦੀਲੀਆਂ ਨੂੰ ਲਾਗੂ ਕਰੇਗੀ, ਅਤੇ ਇਸ ਦੇ ਅੱਗੇ ਵਧਣ ’ਤੇ ਇਸ ਨੂੰ ਲਾਗੂ ਕਰਨ ਦੀ ਪਲੈਨ ਦੇ ਵੇਰਵੇ ਸਾਂਝੇ ਕਰੇਗੀ। ਵਰਕਰਾਂ, ਕੰਮ-ਮਾਲਕਾਂ ਅਤੇ ਹਿੱਤ ਰੱਖਣ ਵਾਲੀਆਂ ਹੋਰ ਧਿਰਾਂ ਦੀ ਸਰਗਰਮ ਸ਼ਮੂਲੀਅਤ, ਐਸਬੈਸਟਸ ਨੂੰ ਸੁਰੱਖਿਅਤ ਤਰੀਕੇ ਨਾਲ ਕੱਢਣ ਦੀ ਟਰੇਨਿੰਗ ਅਤੇ ਸਰਟੀਫਿਕੇਸ਼ਨ ਪ੍ਰੋਗਰਾਮ ਨੂੰ ਘੜਨ ਵਿਚ ਮੁੱਖ ਰੋਲ ਨਿਭਾਏਗੀ, ਇਸ ਕਰਕੇ ਸਲਾਹ-ਮਸ਼ਵਰਾ ਲਾਗੂ ਕਰਨ ਦੀ ਪਲੈਨ ਤਿਆਰ ਕਰਨ ਦਾ ਇਕ ਮੁੱਖ ਹਿੱਸਾ ਹੋਵੇਗਾ। ਐਸਬੈਸਟਸ ਬਾਰੇ ਨਵੀਂਆਂ ਸ਼ਰਤਾਂ ਨੂੰ ਲਾਗੂ ਕਰਨ ਵਿਚ ਇਹ ਸ਼ਾਮਲ ਹੋਵੇਗਾ:

- ਉਹ ਮਿਆਰ ਤਿਆਰ ਕਰਨੇ ਜਿਨ੍ਹਾਂ ਦੀ ਐਸਬੈਸਟਸ ਬਾਰੇ ਸੇਫਟੀ ਦੀ ਟਰੇਨਿੰਗ ਅਤੇ ਸਰਟੀਫਿਕੇਸ਼ਨ ਪ੍ਰੋਗਰਾਮਾਂ ਲਈ ਪਾਲਣਾ ਕਰਨੀ ਜ਼ਰੂਰੀ ਹੋਵੇਗੀ;
- ਐਸਬੈਸਟਸ ਕੱਢਣ ਵਾਲੇ ਕੌਨਟਰੈਕਟਰਾਂ ਲਈ ਇਕ ਲਸੰਸਿੰਗ ਸਕੀਮ ਤਿਆਰ ਕਰਨਾ;
- *ਵਰਕਰਜ਼ ਕੰਪਨਸੇਸ਼ਨ ਐਕਟ* ਵਿਚ ਤਬਦੀਲੀਆਂ ਮੁਤਾਬਕ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਵਿਚ ਸੋਧ ਕਰਨਾ; ਅਤੇ,
- ਸਰਟੀਫਿਕੇਸ਼ਨ ਅਤੇ ਲਸੰਸਿੰਗ ਦੀਆਂ ਸਕੀਮਾਂ ਦੀ ਹਿਮਾਇਤ ਕਰਨਾ ਅਤੇ ਇਹ ਪਛਾਣ ਕਰਨਾ ਕਿ ਐਸਬੈਸਟਸ ਕੱਢਣ ਵਾਲੇ ਵਰਕਰਾਂ ਨੂੰ ਟਰੇਨਿੰਗ ਦੇਣ ਅਤੇ ਸਰਟੀਫਾਈ ਕਰਨ ਵਾਲੀਆਂ ਸੰਸਥਾਵਾਂ ਵਜੋਂ ਕੌਣ ਕੰਮ ਕਰੇਗਾ।

ਇਹ ਸਭ ਕੁਝ ਹਰ ਇਕ ਲਈ ਕੰਮ ਦੀ ਥਾਂ ’ਤੇ ਸੇਫਟੀ ਵਧਾਉਣ ਅਤੇ ਕੰਮਾਂ ’ਤੇ ਇਹ ਨਾ ਠੀਕ ਕੀਤੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਤੋਂ ਰੋਕਥਾਮ ਕਰਨ ਲਈ ਕੀਤਾ ਜਾ ਰਿਹਾ ਹੈ।